Punjab Government Gazette

EXTRAORDINARY

Published by Authority

CHANDIGARH, WEDNESDAY, JULY 9, 2025 (ASADHA 18, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

(ਸਥਾਨਕ ਸਰਕਾਰ-3 ਸ਼ਾਖਾ)

ਨੋਟੀਫਿਕੇਸ਼ਨ

ਮਿਤੀ 4 ਜੁਲਾਈ, 2025

ਨੰਬਰ: 15/03/2024-5ਸਸ3/1040.- ਕਾਰਜ ਸਾਧਕ ਅਫਸਰ, ਨਗਰ ਕੌਂਸਲ, ਨਵਾਂਸ਼ਹਿਰ ਵੱਲੋਂ ਆਪਣੇ ਪੱਤਰ ਨੰ. 3216 ਮਿਤੀ 01.1.2024 ਰਾਹੀਂ ਸੂਚਿਤ ਕੀਤਾ ਹੈ ਕਿ ਕੌਂਸਲਰ, ਸ੍ਰੀਮਤੀ ਮੋਨਿਕਾ ਗੋਗਾ ਵੱਲੋਂ ਪਿਛਲੀਆਂ ਚਾਰ ਮੀਟਿੰਗਾਂ ਮਿਤੀ 29.05.2023, 28.08.2023, 29.09.2023 ਅਤੇ 15.12.2023 ਵਿਚ ਲਗਾਤਾਰ ਗੈਰ ਹਾਜਰ ਰਹੇ। ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਜ), ਨਵਾਂਸ਼ਹਿਰ ਤੋਂ ਪੱਤਰ ਨੰ.15/03/2024-5ਸਸ3/54 ਮਿਤੀ 08.01.2024 ਰਾਹੀਂ ਅਤੇ ਬਾਅਦ ਵਿੱਚ ਸਮੇਂ ਸਮੇਂ ਸਿਰ ਜਾਰੀ ਪੱਤਰਾਂ ਰਾਹੀਂ ਰਿਪੋਰਟ ਮੰਗੀ ਗਈ।

2. ਵਧੀਕ ਡਿਪਟੀ ਕਮਿਸ਼ਨਰ (ਜ), ਨਵਾਂਸ਼ਹਿਰ ਵੱਲੋਂ ਆਪਣੇ ਪੱਤਰ ਨੰ. ਏ.ਡੀ.ਸੀ.(ਜ)-2024/2274 ਮਿਤੀ 29.10.24 ਰਾਹੀਂ ਰਿਪੋਰਟ ਭੇਜਦੇ ਹੋਏ ਹੇਠ ਅਨੁਸਾਰ ਸੂਚਿਤ ਕੀਤਾ ਹੈ ਕਿ:-

"ਸ੍ਰੀਮਤੀ ਮੋਨਿਕਾ ਗੋਗਾ, ਕੌਂਸਲਰ, ਵਾਰਡ ਨੰ. 9, ਨਗਰ ਕੌਂਸਲ, ਨਵਾਂਸ਼ਹਿਰ ਵਿਰੁੱਧ ਲਗਾਤਾਰ ਚਾਰ ਮੀਟਿੰਗ ਵਿਚ ਹਾਜਰ ਨਾ ਆਉਣ ਸਬੰਧੀ ਪ੍ਰਾਪਤ ਸਿਕਾਇਤ ਦੇ ਸਬੰਧ ਵਿੱਚ ਇਹ ਸਪਸ਼ਟ ਕੀਤਾ ਹੈ ਕਿ ਉਕਤ ਕੌਂਸਲਰ ਨਗਰ ਕੌਂਸਲ, ਨਵਾਂਸ਼ਹਿਰ ਦੀ ਪ੍ਰੋਸੀਡਿੰਗ ਰਿਕਾਰਡ ਅਨੁਸਾਰ ਦਫਤਰ ਵਿਖੇ ਹੋਈਆਂ ਲਗਾਤਾਰ ਮੀਟਿੰਗਾਂ ਮਿਤੀ 29.05.2023, 28.08.2023, 29.09.2023, 15.12.2023, 24.06.2024, 29.07.2024 (ਬਜਟ ਮੀਟਿੰਗ) ਅਤੇ ਮਿਤੀ 29.07.2024 ਵਿਚ ਹਾਜਰ ਨਹੀ ਆਏ।"

3. ਜਿਸ ਤਹਿਤ ਸ੍ਰੀਮਤੀ ਮੋਨਿਕਾ ਗੋਗਾ, ਕੌਂਸਲਰ ਵਾਰਡ ਨੰ.9 ਨਗਰ ਕੌਂਸਲ, ਨਵਾਂ ਸ਼ਹਿਰ ਨੂੰ ਸਰਕਾਰ ਦੇ ਪੱਤਰ ਨੰ.15/03/2024-5ਸਸ3/300 ਮਿਤੀ 25.02.2025 ਰਾਹੀਂ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 16(1)(c) ਅਧੀਨ ਕਾਰਨ ਦੱਸੋ ਨੋਟਿੰਸ ਜਾਰੀ ਕੀਤਾ ਗਿਆ। ਜਿਸ ਸਬੰਧ ਵਿੱਚ ਸ੍ਰੀਮਤੀ ਮੋਨਿਕਾ ਗੋਗਾ, ਕੌਂਸਲਰ ਵੱਲੋਂ ਮਿਤੀ 11.03.25 ਨੂੰ ਆਪਣਾ ਜਵਾਬ ਪੇਸ਼ ਕਰਦੇ ਹੋਏ ਹੇਠ ਅਨੁਸਾਰ ਬੇਨਤੀ ਕੀਤੀ ਹੋਈ।

1. The meetings, which are being referred to in the show cause notice were conducted unlawfully and illetgally by the Executive Officer of the Council without having any authority to do so, which is why I along with many other councilors chose to abstain from the same as a show of protest.
2. Since the meetings in question were unlawful a few fellow colleagues of mine(Smt. Kulwant Kaur) had challenged the very validity of such meetings before the Hon'ble Punjab & Haryana High Court in CWP-23597-2024 and by way of its order dated 18.01.2025 the Hon'ble High Court has been pleased to quash and set aside all the meeting in reference to which the show cause notice has been sent.
3. Once the meetings that are being referred to have been set aside and quashed by the Hon'ble High Court, there is no question of invoking Section 16 (1)(c) in respect of those meetings as by virtue of the High Court order the meetings have ceased to exist and become void ab initio, which in effect means that it cannot be said that I absented from any meeting since the meetings in question have cease to exist under law.

4. ਕੌਂਸਲਰ, ਸ੍ਰੀਮਤੀ ਮੋਨਿਕਾ ਗੋਗਾ ਵੱਲੋਂ ਭੇਜੇ ਗਏ ਜਵਾਬ ਅਨੁਸਾਰ ਪਟੀਸ਼ਨਰ ਕੁਲਵੰਤ ਕੌਰ ਅਤੇ ਹੋਰ ਵੱਲੋ ਸਿਵਲ ਰਿੱਟ ਪਟੀਸ਼ਨ ਨੰ.23597 ਆਫ 2024 ਰਾਹੀਂ ਨਗਰ ਕੌਂਸਲ, ਨਵਾਂ ਸ਼ਹਿਰ ਵੱਲੋਂ ਕੀਤੀਆਂ ਹਾਊਸ ਦੀਆਂ ਮੀਟਿੰਗਾਂ ਨੂੰ ਮਾਨਯੋਗ ਹਾਈਕੋਰਟ ਵਿਖੇ ਚੈਲਜ ਕੀਤਾ ਗਿਆ ਸੀ। ਮਾਨਯੋਗ ਹਾਈਕੋਰਟ ਵਲੋਂ ਇਸ ਕੇਸ ਵਿੱਚ ਜਾਰੀ ਹੁਕਮ ਮਿਤੀ 18.01.2025 ਅਨੁਸਾਰ ਮਿਤੀ 28.08.23, 29.09.23, 15.12.23, 24.06.24 ਅਤੇ ਮਿਤੀ 29.07.24 ਨੂੰ ਨਗਰ ਕੌਂਸਲ, ਨਵਾਂ ਸ਼ਹਿਰ ਵੱਲੋਂ ਕੀਤੀਆਂ ਹਾਊਸ ਦੀਆਂ ਸਾਰੀਆਂ ਮੀਟਿੰਗਾਂ ਨੂੰ ਖਾਰਜ ਕਰ ਦਿੱਤਾ ਗਿਆ ਹੈ।

5. ਸਰਕਾਰ ਵੱਲੋਂ ਪੱਤਰ ਨੰ.15/03/2024-5ਸਸ3/636 ਮਿਤੀ 08.05.25 ਜਾਰੀ ਕਰਕੇ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਨਵਾਂ ਸ਼ਹਿਰ ਤੋਂ ਰਿਪੋਰਟ ਮੰਗੀ ਗਈ ਕਿ ਸਿਵਲ ਰਿੱਟ ਪਟੀਸ਼ਨ ਨੰ.23597 ਆਫ 2024 ਵਿੱਚ ਮਾਨਯੋਗ ਹਾਈਕੋਰਟ ਦੇ ਫੈਸਲੇ ਮਿਤੀ 18.01.25 ਵਿਰੁੱਧ ਨਗਰ ਕੌਂਸਲ, ਨਵਾਂ ਸ਼ਹਿਰ ਵੱਲੋਂ ਕੋਈ ਅਪੀਲ ਦਾਇਰ ਕੀਤੀ ਗਈ ਸੀ ਜਾਂ ਨਹੀ। ਜਿਸ ਦੀ ਪਾਲਣਾ ਹਿੱਤ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਨਵਾਂ ਸ਼ਹਿਰ ਵੱਲੋਂ ਪੱਤਰ ਨੰ.738 ਮਿਤੀ 20.05.25 ਰਾਹੀਂ ਸੂਚਿਤ ਕੀਤਾ ਕਿ ਨਗਰ ਕੌਂਸਲ ,ਨਵਾਂ ਸ਼ਹਿਰ ਵੱਲੋਂ ਮਾਨਯੋਗ ਹਾਈਕੋਰਟ ਦੇ ਫੈਸਲੇ ਵਿਰੁੱਧ ਐਸ.ਐਲ.ਪੀ.ਨੰ.11778 ਆਫ 2025 ਦਾਇਰ ਕੀਤੀ ਗਈ, ਜਿਸ ਦਾ ਫੈਸਲਾ ਨਗਰ ਕੌਂਸਲ, ਨਵਾਂ ਸ਼ਹਿਰ ਦੇ ਵਿਰੁੱਧ ਹੋਇਆ ਸੀ ਅਤੇ ਇਹ ਐਸ.ਐਲ.ਪੀ ਮਿਤੀ 05.05.25 ਨੂੰ infructuous ਹੋ ਗਈ।

6. ਉਕਤ ਤੱਥਾ ਦੇ ਸਨਮੁੱਖ ਨਗਰ ਕੌਂਸਲ, ਨਵਾਂਸ਼ਹਿਰ ਵੱਲੋਂ ਮਿਤੀ 28.08.23, 29.09.23, 15.12.23, 24.06.24 ਅਤੇ ਮਿਤੀ 29.07.24 ਨੂੰ ਕੀਤੀਆਂ ਹਾਊਸ ਦੀਆਂ ਮੀਟਿੰਗਾਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ.23597 ਆਫ 2024 ਮਿਤੀ 18.01.25 ਵਿੱਚ ਜਾਰੀ ਹੁਕਮਾਂ ਤਹਿਤ ਖਾਰਿਜ ਕਰਨ ਅਤੇ ਬਾਅਦ ਵਿੱਚ ਨਗਰ ਕੌਂਸਲ, ਨਵਾਂ ਸ਼ਹਿਰ ਵੱਲੋਂ ਇਹਨਾ ਹੁਕਮਾ ਵਿਰੁੱਧ ਦਾਇਰ ਕੀਤੀ ਐਸ.ਐਲ.ਪੀ.ਨੰ.11778 ਆਫ 2025 infructuous ਹੋਣ ਕਾਰਨ ਕੌਂਸਲਰ, ਸ੍ਰੀਮਤੀ ਮੋਨਿਕਾ ਗੋਗਾ

ਨੂੰ ਕੌਸਲਰ ਦੇ ਪਦ ਤੋਂ ਹਟਾਉਣ ਲਈ ਪੰਜਾਬ ਮਿਉਂਸਪਲ ਐਕਟ 1911 ਦੀ ਧਾਰਾ 16 (1)(c) ਅਧੀਨ ਜਾਰੀ ਕਾਰਨ ਦੱਸੋ ਨੋਟਿੰਸ Infructuous ਹੋਣ ਕਾਰਨ ਕੇਸ ਦਾਖਲ ਦਫਤਰ ਕੀਤਾ ਜਾਂਦਾ ਹੈ ।

ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਤੇਜਵੀਰ ਸਿੰਘ,ਆਈ.ਏ.ਐਸ
ਵਧੀਕ ਮੁੱਖ ਸਕੱਤਰ,ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ

ਚੰਡੀਗੜ੍ਹ
ਮਿਤੀ 23 ਜੂਨ, 2025

3443/7-2025/Pb. Govt. Press, S.A.S. Nagar